**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਲਛਮੱਨ ਸਿੰਘ, 79869-91327
ਮਕਾਨ ਨੰ: 352, ਗਲੀ ਨੰਬਰ 1, ਵਾਰਡ ਨੰਬਰ 3,
ਕੇਹਰ ਸਿੰਘ ਕਲੋਨੀ, ਖੰਨਾ, ਜ਼ਿਲ੍ਹਾ ਲੁਧਿਆਣਾ। ------- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ

ਪਹਿਲੀ ਅਪੀਲੀ ਅਥਾਰਟੀ,
ਦਫਤਰ ਸਟੇਟ ਟਰਾਂਸਪੋਰਟ ਅਥਾਰਟੀ, ਪੰਜਾਬ, ਚੰਡੀਗੜ੍ਹ। --------- ਉੱਤਰਦਾਤਾ

**ਅਪੀਲ ਕੇਸ ਨ: 3702/2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਪਰਮਜੀਤ ਸਿੰਘ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 29-12-2018, ਲੋਕ ਸੂਚਨਾ ਅਧਿਕਾਰੀ ਦਫਤਰ ਰਿਜਨਲ ਟਰਾਂਸਪੋਰਟ ਅਥਾਰਟੀ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਰ.ਟੀ.ਏ. ਅੰਮ੍ਰਿਤਸਰ ਵਿਖੇ ਵੱਡੀਆਂ ਬੱਸਾਂ ਦੇ ਪਰਮਿਟਧਾਰੀਆ/ਮਾਲਕਾਂ ਨਾਲ ਸਬੰਧਤ 5 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 04-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਪਰਮਜੀਤ ਸਿੰਘ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜੇ ਤੱਕ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਅਪੀਲਕਰਤਾ ਪੇਸ਼ੀ ਤੇ ਹਾਜ਼ਰ ਹੋਇਆ, ਪਰ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਜਦੋਂ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਜਾਂ ਉਸਦੇ ਨੁਮਾਦਇਦੇ ਨੂੰ ਹਾਜ਼ਰ ਹੋਣਾ ਚਾਹੀਦਾ ਸੀ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਅੱਜ ਨਾ ਹੋਣ ਸਬੰਧੀ ਆਪਣਾ ਸਪਸਟੀਕਰਨ ਪੇਸ਼ ਕਰਨ। ਇਸ ਹਦਾਇਤ ਨਾਲ ਇਹ ਕੇਸ ਅਗਲੀ **ਸੁਣਵਾਈ ਲਈ ਮਿਤੀ 19-12-2019 ਨੂੰ ਸਵੇਰੇ 11:30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜਤਿੰਦਰ ਕੁਮਾਰ, ਮੋ: 98723-24111
ਮਾਰਫਤ ਸੱਚਖੰਡ ਮਿਸ਼ਥਾਨ ਭੰਡਾਰ, ਨਹਿਰੂ ਗੇਟ, ਨਵਾਂਸ਼ਹਿਰ। --------ਅਪੀਲਕਰਤਾ

ਲੋਕ ਸੂਚਨਾ ਅਫਸਰ ਕਮ
ਕਾਰਜ ਸਾਧਕ ਅਫਸਰ, ਨਗਰ ਕੌਂਸ਼ਲ, ਨਵਾਂਸਹਿਰ।

ਪਹਿਲੀ ਅਪੀਲੀ ਅਥਾਰਟੀ ਕਮ
ਰਿਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਜਲੰਧਰ। ----------ਉੱਤਰਦਾਤਾ

**ਅਪੀਲ ਕੇਸ ਨ: 3644/2019**

ਹਾਜ਼ਰ:-

1) ਅਪੀਲਕਰਤਾ ਸ੍ਰੀ ਜਤਿੰਦਰ ਕੁਮਾਰ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਯਸ਼ਪਾਲ ਖੇਪਾਲ, ਜੇ.ਈ.(94724-91378) ਅਤੇ ਸ੍ਰੀ ਭਾਰਤ ਭੂਸ਼ਣ, ਕਲਰਕ

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2019, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸ਼ਲ, ਨਵਾਂਸਹਿਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਨਗਰ ਕੌਂਸਲ ਨਵਾਂਸ਼ਹਿਰ ਵਲੋਂ ਈ.ਟੈਂਡਰਿੰਗ ਪ੍ਰਣਾਲੀ ਰਾਹੀਂ ਵਿਕਾਸ ਦੇ ਕੰਮਾਂ ਦੇ ਟੈਂਡਰਾਂ ਨਾਲ ਸਬੰਧਤ 07 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਜਤਿੰਦਰ ਕੁਮਾਰ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਜ਼ੋ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ ਉਹ ਅਧੂਰੀ ਹੈ। ਕੇਵਲ ਇਕ ਨੁਕਤੇ ਸਬੰਧੀ ਸੂਚਨਾ ਦਿੱਤੀ ਗਈ ਹੈ ਬਾਕੀ ਨੁਕਤਿਆਂ ਸਬੰਧੀ ਸੂਚਨਾ ਨਹੀਂ ਦਿੱਤੀ। ਇਸ ਸਬੰਧ ਵਿਚ ਉਸ ਵਲੋ ਆਪਣਾ ਪੱਤਰ ਮਿਤੀ 12-09-2019 ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਯਸ਼ਪਾਲ ਖੇਪਾਲ, ਜੇ.ਈ. ਅਤੇ ਸ੍ਰੀ ਭਾਰਤ ਭੂਸ਼ਣ, ਕਲਰਕ ਹਾਜ਼ਰ ਹੋਏ। ਉਨ੍ਹਾਂ ਵਲੋਂ ਪੱਤਰ ਨੰ: 1914 ਮਿਤੀ 06-09-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਮਿਸਲ ਤੇ ਰੱਖ ਲਿਆ ਗਿਆ ਹੈ।

4. ਮਹਿਕਮੇ ਨੇ ਜ਼ੋ ਜਾਣਕਾਰੀ ਮਿਤੀ 06-09-2019 ਨੂ ਅਪੀਲਕਰਤਾ ਨੂੰ ਭੇਜੀ ਗਈ ਹੈ ਉਹ ਅਪੀਲਕਰਤਾ ਵਲੋਂ ਰਸੀਵ ਕੀਤੀ ਗਈ ਹੈ ਅਤੇ ਅਪੀਲਕਰਤਾ ਵਲੋਂ ਮਿਤੀ 12-09-2019 ਨੂੰ ਇਤਰਾਜ ਦਰਜ ਕਰਵਾਏ ਗਏ ਜ਼ੋ ਈ.ਓ. ਸ੍ਰੀ ਰਾਮ ਪ੍ਰਕਾਸ਼ ਵਲੋਂ ਰਸੀਵ ਵੀ ਕੀਤੇ ਗਏ ਹਨ। ਪਰ ਉਨ੍ਹਾਂ ਵਲੋਂ ਹੁਣ ਤੱਕ ਨੋਟ ਕਰਵਾਈਆਂ ਗਈਆਂ ਤਰੁੱਟੀਆਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਵਲੋਂ ਪੱਤਰ ਮਿਤੀ 12-09-2019 ਰਾਹੀਂ ਦਰਜ ਕਰਵਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸਿੱਧੇ ਤੌਰ ਤੇ ਲਿਖਤੀ ਰੂਪ ਵਿਚ ਸੂਚਿਤ ਕਰਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 18-12-2019 ਨੂੰ ਸਵੇਰੇ 11-30 ਵਜੇ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦੀਨੇਸ਼ ਕੁਮਾਰ ਪੁੱਤਰ ਸ੍ਰੀ ਦੌਲਡ ਰਾਮ,
ਵਾਸੀ ਪਿੰਡ ਰੱਤੇਵਾਲ (ਨੀਲਵਾੜੇ) ਤਹਿਸੀਲ ਬਲਾਚੌਰ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ, ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ।। ----------ਉੱਤਰਦਾਤਾ

**ਅਪੀਲ ਕੇਸ ਨ: 3682/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਪਾਲ ਸਿੰਘ ਏ.ਪੀ.ਆਈ.ਓ. ( 99885-74550) ਅਤੇ ਸ੍ਰੀ ਜੈ ਰਾਮ ਸਿੰਘ, ਜੁਨੀਅਰ ਸਹਾਇਕ, ਹੁਸ਼ਿਆਰਪੁਰ ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 14-03-2019, ਲੋਕ ਸੂਚਨਾ ਅਧਿਕਾਰੀ ਦਫਤਰ ਦਫਤਰ, ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਾਨਯੋਗ ਡਿਪਟੀ ਕਮਿਸ਼ਨ ਸ਼ਹੀਦ ਭਗਤ ਸਿੰਘ ਨਗਰ ਵਲੋਂ ਜਾਰੀ ਪੱਤਰ ਨੰ: 4626/ਪੀਜੀਏ ਮਿਤੀ 09-07-2018 ਦੇ ਸਬੰਧ ਵਿਚ ਜ਼ੋ ਉਨ੍ਹਾਂ ਦੇ ਦਫਤਰ ਵਲੋਂ ਪੱਤਰ ਨੰ: 4106/ਆਰ.ਟੀ.ਏ. ਮਿਤੀ 13-07-2018 ਦੇ ਸਬੰਧ ਵਿਚ ਕੀਤੀ ਗਈ ਕਾਰਵਾਈ ਰਿਪੋਰਟ ਦੀ ਨਕਲ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 13-05-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਪਾਲ ਸਿੰਘ ਏ.ਪੀ.ਆਈ.ਓ. ਅਤੇ ਸ੍ਰੀ ਜੈ ਰਾਮ ਸਿੰਘ, ਜੁਨੀਅਰ ਸਹਾਇਕ, ਹੁਸ਼ਿਆਰਪੁਰ ਨੇ ਪੇਸ਼ ਹੋ ਕੇ ਪੱਤਰ ਨੰ:2 ਸਪੈਸਲ/ਸਟਕ/ਆਰ.ਟੀ.ਆਈ./4106 ਮਿਤੀ 27-11-2019 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ। ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉੱਤਰ ਪੱਤਰ ਮਿਤੀ 27-11-2019 ਰਾਹੀਂ ਸੁਚਿਤ ਕੀਤਾ ਗਿਆ ਕਿ ਅਪੀਲਕਰਤਾ ਦੀ ਦਰਖਾਸਤ ਪਹਿਲਾਂ ਹੀ ਡਾ.ਸੰਜੀਵ ਕੁਮਾਰ, ਪੀ.ਸੀ.ਐਸ. ਸਹਾਇਕ ਕਮਿਸ਼ਨ ਸ਼ਿਕਾਇਤ, ਸਹੀਦ ਭਗਤ ਸਿੰਘ ਨਗਰ ਵਲੋਂ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਦੀ ਰਿਪੋਰਟ ਦੇ ਆਧਾਰ ਤੇ ਦਫਤਰ ਦਾਖਲ ਕਰ ਦਿੱਤੀ ਗਈ ਹੈ। ਇਸ ਸਬੰਧੀ ਪੱਤਰ ਨੰ: 5104/ਪੀ.ਜੀ.ਏ. ਮਿਤੀ 31-07-2019 ਰਾਹੀਂ ਅਪੀਲਕਰਤਾ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਲਈ ਇਸ ਕੇਸ ਵਿਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਦੀਨੇਸ਼ ਕੁਮਾਰ ਪੁੱਤਰ ਸ੍ਰੀ ਦੋਲਡ ਰਾਮ,
ਵਾਸੀ ਪਿੰਡ ਰੱਤੇਵਾਲ (ਨੀਲਵਾੜੇ) ਤਹਿਸੀਲ ਬਲਾਚੌਰ,
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਕਾਰਜ ਸਾਧਕ ਅਫਸਰ,
ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਰਿਜ਼ਨਲ ਡਿਪਟੀ ਡਾਇਰੈਕਟਰ ,
ਸਥਾਨਕ ਸਰਕਾਰ, ਜਲੰਧਰ। ----------ਉੱਤਰਦਾਤਾ

**ਅਪੀਲ ਕੇਸ ਨ: 3684/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਜੀਤ ਸਿੰਘ ਢਿੰਡਸਾ, ਈ.ਓ.98148-00566

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-04-2019, ਲੋਕ ਸੂਚਨਾ ਅਧਿਕਾਰੀ ਦਫਤਰ ਦਫਤਰ ਕਾਰਜ ਸਾਧਕ ਅਫਸਰ, ਬਲਾਚੌਰ, ਜਿਲਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਿਤੀ 11-ਮਾਰਚ, 2017 ਤੋਂ ਲੈ ਕੇ ਮਿਤੀ 31 ਮਾਰਚ, 2017 ਤੱਕ ਨਗਰ ਕੌਸਲ ਬਲਾਚੋਰ ਨੂੰ ਜ਼ਾਰੀ ਹੋਈਆਂ ਗਰਾਂਟਾ ਆਦਿ ਨਾਲ ਸਬੰਧਤ 03 ਨੋਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਮਨਜੀਤ ਸਿੰਘ ਢਿੰਡਸਾ, ਈ.ਓ ਵਲੋਂ ਦਸਿਆ ਗਿਆ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਸਬੰਧੀ ਜਵਾਬ ਪਹਿਲਾਂ ਹੀ ਦਿੰਤਾ ਜਾ ਚੁੱਕਾ ਹੈ। ਇਸ ਸਬੰਧ ਵਿਚ ਉਸ ਵਲੋਂ ਪੱਤਰ ਨੰ: 2893 ਮਿਤੀ 18-11-2019 ਅਤੇ ਪੱਤਰ ਨੰ: 2982 ਮਿਤੀ 27-11-2019 ਪੇਸ਼ ਕੀਤਾ ਗਿਆ। ਜ਼ੋ ਕਮਿਸ਼ਨ ਨੂੰ ਸੰਬੋਧਤ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਸ੍ਰੀ ਮਨਜੀਤ ਸਿੰਘ ਢਿੰਡਸਾ, ਵਲੋਂ ਉਕੱਤ ਅਨੁਸਾਰ ਪੇਸ਼ ਕੀਤੇ ਗਏ ਪੱਤਰ ਮਿਤੀ 18-11-2019 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਦੀ ਪ੍ਰਤੀ ਬੇਨਤੀ 15-04-2019 ਦੇ ਸਬੰਧ ਵਿਚ ਨਗਰ ਕੌਸਲ ਵਲੋਂ ਪ੍ਰਾਪਤ ਨੂੰ ਪੱਤਰ ਨੰ: 873 ਮਿਤੀ 10-05-2019 ਰਾਹੀਂ ਸੂਚਨਾ ਦੇ ਦਿੱਤੀ ਗਈ ਸੀ ਅਤੇ ਨਾਲ ਹੀ ਪੱਤਰ ਨੰ; 874 ਮਿਤੀ 10-05-2019 ਰਾਹੀ ਸੂਚਨਾ ਭੇਜੀ ਜਾ ਚੁੱਕੀ ਹੈ। ਕਿ ਉੱਤਰਦਾਤਾ ਵਲੋਂ ਪਹਿਲਾਂ ਹੀ ਪੱਤਰ ਨੰ: 585 ਮਿਤੀ 02-04-2019 ਰਾਹੀਂ ਉੱਤਰ ਦਿੱਤਾ ਜਾ ਚੁੱਕਾ ਹੈ। ਜਿਸਨੂ ਅਪੀਲਕਰਤਾ ਵਲੋਂ ਪਹਿਲੀ ਅਪੀਲੀ ਪਾਸ ਅਪੀਲ ਦਾਇਰ ਕਰਕੇ ਸਵਾਲ ਕੀਤਾ ਕਿ ਬਿਨੈ ਪੱਤਰ ਤੋਂ 15 ਪਹਿਲਾਂ ਕਿਵੇਂ ਉੱਤਰ ਦਿੱਤਾ ਗਿਆ ਹੈ। ਇਸ ਸਬੰਧੀ ਆਪਣੇ ਪੱਤਰ ਮਿਤੀ 27-11-2019 ਵਿਚ ਸਪਸਟ ਕੀਤਾ ਗਿਆ ਕਿ ਅਪੀਲਕਰਤਾ ਵਲੋਂ ਜ਼ੋ ਅਰਜੀ ਮਿਤੀ 15-03-2019 ਨੂੰ ਦਿੱਤੀ ਸੀ ਉਸਦਾ ਉੱਤਰ ਪਹਿਲਾਂ ਹੀ ਮਿਤੀ 02-04-2019 ਨੂੰ ਦੇ ਦਿੱਤਾ ਸੀ ਮੁੜ ਉਸ ਵਲੋਂ ਜ਼ੋ ਅਰਜੀ 12-04-2019 ਨੂੰ ਦਿੱਤੀ ਗਈ ਉਸਦਾ ਜਵਾਬ ਵੀ ਮਿਤੀ 10-05-2019 ਨੂੰ ਦੇ ਦਿੱਤਾ ਗਿਆ ਸੀ । ਇਸ ਤਰ੍ਹਾਂ ਅਪੀਲਕਰਤਾ ਵਲੋਂ ਇਕੋ ਤਰ੍ਹਾਂ ਦੀ ਸੂਚਨਾ ਵੱਖ ਵੱਖ ਦਰਖਾਸਤਾਂ ਰਾਹੀਂ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨ:** 3684/2019

ਮੰਗੀ ਗਈ ਹੈ। ਜ਼ੋ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉੱਤਰਦਾਤਾ ਵਲੋਂ ਦਿੱਤੇ ਗਏ ਉੱਤਰ ਸਬੰਧੀ ਜ਼ੋ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਉਸ ਸਬੰਧੀ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਨੋਟ ਕਰਵਾਈਆਂ ਤਰੁੱਟੀਆਂ ਦੂਰ ਕਰਦੇ ਹੋਏ ਉਸਨੂੰ ਲਿਖਤੀ ਰੂਪ ਵਿਚ ਭਜਿਆ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਕੇਸ ਅਗਲੀ ਸੁਣਵਾਈ ਦੀ ਮਿਤੀ** 19-12-2019 **ਸਵੇਰੇ** 11.30 **ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 27 **ਨਵੰਬਰ ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜ਼ਸਬੀਰ ਸਿੰਘ, ਵਾਸੀ ਨਗਰ ਪਿੰਡ ਭੋਲਾਪੁਰ,
ਝਾਬੇਵਾਲ, ਡਾਕਘਰ ਰਾਮਗੜ੍ਹ, ਜ਼ਿਲ੍ਹਾ ਲੁਧਿਆਣਾ । ----------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਪ੍ਰਿੰਸੀਪਲ ਸਕੱਤਰ,
ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),
ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ, ਦਫਤਰ ਪ੍ਰਿੰਸੀਪਲ ਸਕੱਤਰ,
ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),
ਪੰਜਾਬ, ਚੰਡੀਗੜ੍ਹ। ------------ਉੱਤਰਦਾਤਾ

**ਅਪੀਲ ਕੇਸ ਨ: 3688/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀਮਤੀ ਹੇਮ ਲੱਤਾ (97799-23211)ਅਤੇ ਸ੍ਰੀ ਮਨਪ੍ਰੀਤ ਸਿੰਘ, ਸੀਨੀਅਰ ਸਹਾਇਕ(97815-71608)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2019, ਲੋਕ ਸੂਚਨਾ ਅਧਿਕਾਰੀ ਦਫਤਰ ਦਫਤਰ ਪ੍ਰਿੰਸੀਪਲ ਸਕੱਤਰ, ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ), ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੇ ਰਜਿਸਟਰਡ ਡਾਕ ਦੁਆਰਾ ਮਿਤੀ 28-05-2019 ਨੂੰ ਪ੍ਰਿੰਸੀਪਲ ਸਕੱਤਰ,ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),ਪੰਜਾਬ, ਚੰਡੀਗੜ੍ਹ ਨੂੰ ਭੇਜੀ ਸਕਾਇਤ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 25-11-2019 ਰਾਹੀਂ ਸੁਚਿਤ ਕੀਤਾ ਗਿਆ ਕਿ ਅਜੇ ਤੱਕ ਸੂਚਨਾ ਪ੍ਰਾਪਤ ਨਹੀ਼ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀਮਤੀ ਹੇਮ ਲੱਤਾ ਅਤੇ ਸ੍ਰੀ ਮਨਪ੍ਰੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਏ। ਉਨ੍ਹਾਂ ਵਲੋਂ ਆਪਣਾ ਪੱਤਰ ਮੀਮੋ ਨੰ: 8-11/2019-5ਸ਼ਿਨਿ/1613388/1 ਮਿਤੀ 27-11-2019 ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

4. ਅਪੀਲਕਰਤਾ ਵਲੋਂ ਆਪਣੀ ਈ.ਮੇਲ ਰਾਹੀਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਦੇ ਨੁਮਾਇੰਦਿਆਂ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 27-11-2019(2(ੳ) ਜ਼ੋ ਕਮਿਸ਼ਨ ਨੂੰ ਸਬੋਧਤ ਹੈ ਰਾਹੀਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਜਿਸ ਵਿਚ ਪ੍ਰਤੀ ਬੇਨਤੀ 28-05-2019 ਦੀ ਕਾਰਵਾਈ ਅਤੇ ਨੋਟਿੰਗ ਬਾਰੇ ਜਾਣਕਾਰੀ ਮੰਗੀ ਗਈ ਸੀ ਸਬੰਧੀ ਦਸਿਆ ਗਿਆ ਕਿ ਇਸ ਸ਼ਿਕਾਇਤ ਦਾ ਸਬੰਧ ਸ੍ਰੀ ਚਰਨਜੀਤ ਸਿੰਘ, ਪੀ.ਆਈ.ਓ. ਕਮ ਫੂਡ ਸੇਫਟੀ ਅਫਸਰ ਸੰਗਰੂਰ ਨਾਲ ਸੀ ਇਸ ਲਈ ਇਹ ਪ੍ਰਤੀ ਬੇਨਤੀ ਵਧੀਕ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਨੂੰ ਪੱਤਰ ਮਿਤੀ 24-06-2019 ਰਾਹੀਂ ਕਾਰਵਾਈ ਹਿੱਤ ਭੇਜੀ ਗਈ ਸੀ। ਇਸ ਸਬੰਧੀ ਸ਼ਿਕਾਇਤ ਕਰਤਾ ਨੂੰ ਵੀ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨ:** 3688/2019

ਸੂਚਨਾ ਹਿੱਤ ਕਾਪੀ ਭੇਜੀ ਜਾ ਚੁੱਕੀ ਹੈ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਉਸ ਵਲੋਂ ਪਹਿਲੀ ਅਪੀਲੀ ਅਥਾਰਟੀ ਨੂੰ ਪਾਈ ਅਪੀਲ ਮਿਤੀ 22-07-2019 ਸਬੰਧੀ ਵੀ ਆਪਣੇ ਪੱਤਰ ਮੀਮੋ ਨੰ: 8/11/2019-5ਸ਼ਿਨਿ/1533941/1 ਮਿਤੀ 29-07-2019 ਰਾਹੀਂ ਅਪੀਲਕਰਤਾ ਨੂੰ ਲਿਖਿਆ ਗਿਆ ਕਿ ਪ੍ਰਤੀ ਬੇਨਤੀਆਂ ਦੇ ਸਬੰਧ ਵਿਚ ਕੀਤੀ ਗਈ ਕਾਰਵਾਈ ਦਫਤਰੀ ਨੋਟ ਦੀ ਕਾਪੀ ਭੇਜੀ ਜਾਂਦੀ ਹੈ ਅਤੇ ਅਗਲੀ ਲਿਖਾ ਪੜੀ ਸਬੰਧਤ ਵਿਭਾਗ ਨਾਲ ਕੀਤੀ ਜਾਵੇ। ਇਸ ਤਰ੍ਹਾਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਉੱਤਰਦਾਤਾ ਵਲੋਂ ਉਕਤ ਅਨੁਸਾਰ ਬਣਦੀ ਸੂਚਨਾ ਭੇਜ਼ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 27 **ਨਵੰਬਰ ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਜ਼ਸਬੀਰ ਸਿੰਘ, ਵਾਸੀ ਨਗਰ ਪਿੰਡ ਭੋਲਾਪੁਰ,
ਝਾਬੇਵਾਲ, ਡਾਕਘਰ ਰਾਮਗੜ੍ਹ, ਜ਼ਿਲ੍ਹਾ ਲੁਧਿਆਣਾ । ----------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਪ੍ਰਿੰਸੀਪਲ ਸਕੱਤਰ,
ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),
ਪੰਜਾਬ, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ, ਦਫਤਰ ਪ੍ਰਿੰਸੀਪਲ ਸਕੱਤਰ,
ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),
ਪੰਜਾਬ, ਚੰਡੀਗੜ੍ਹ। ------------ਉੱਤਰਦਾਤਾ

**ਅਪੀਲ ਕੇਸ ਨ: 3691/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀਮਤੀ ਹੇਮ ਲੱਤਾ (97799-23211)ਅਤੇ ਸ੍ਰੀ ਮਨਪ੍ਰੀਤ ਸਿੰਘ, ਸੀਨੀਅਰ ਸਹਾਇਕ(97815-71608)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2019, ਲੋਕ ਸੂਚਨਾ ਅਧਿਕਾਰੀ ਦਫਤਰ ਦਫਤਰ ਪ੍ਰਿੰਸੀਪਲ ਸਕੱਤਰ,ਪ੍ਰਸ਼ਾਸ਼ਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸਨੇ ਆਪਣੇ ਰਜਿਸਟਰਡ ਡਾਕ ਦੁਆਰਾ ਮਿਤੀ 30-05-2019 ਨੂੰ ਪ੍ਰਿੰਸੀਪਲ ਸਕੱਤਰ, ਜਨਸ਼ਿਕਾਇਤ ਨਿਵਾਰਣ ਵਿਭਾਗ (ਸਿਕਾਇਤ ਨਵਾਰਨ ਸ਼ਾਖਾ),ਪੰਜਾਬ, ਚੰਡੀਗੜ੍ਹ ਨੂੰ ਭੇਜੀ ਸ਼ਿਕਾਇਤ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 22-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 01-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 30-10-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ ਮਿਤੀ 25-11-2019 ਰਾਹੀਂ ਸੁਚਿਤ ਕੀਤਾ ਗਿਆ ਕਿ ਅਜੇ ਤੱਕ ਸੂਚਨਾ ਪ੍ਰਾਪਤ ਨਹੀ਼ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਸ੍ਰੀਮਤੀ ਹੇਮ ਲੱਤਾ ਅਤੇ ਸ੍ਰੀ ਮਨਪ੍ਰੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਏ। ਉਨ੍ਹਾਂ ਵਲੋਂ ਆਪਣਾ ਪੱਤਰ ਮੀਮੋ ਨੰ: 8-11/2019-5ਸ਼ਿਨਿ/1613388/1 ਮਿਤੀ 27-11-2019 ਪੇਸ਼ ਕੀਤਾ ਗਿਆ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

4. ਅਪੀਲਕਰਤਾ ਵਲੋਂ ਆਪਣੀ ਈ.ਮੇਲ ਰਾਹੀਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਦੇ ਨੁਮਾਇੰਦਿਆਂ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 27-11-2019 (2(ਅ) ਜ਼ੋ ਕਮਿਸ਼ਨ ਨੂੰ ਸਬੋਧਤ ਹੈ ਰਾਹੀਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਜਿਸ ਵਿਚ ਪ੍ਰਤੀ ਬੇਨਤੀ 30-05-2019 ਦੀ ਕਾਰਵਾਈ ਅਤੇ ਨੋਟਿੰਗ ਬਾਰੇ ਜਾਣਕਾਰੀ ਮੰਗੀ ਗਈ ਸੀ । ਇਸ ਸ਼ਿਕਾਇਤ ਦਾ ਸਬੰਧ ਪੰਜਾਬ ਸਕੂਲ ਸਿੱਖਿਆ ਵਿਭਾਗ ਪੰਜਾਬ ਨਾਲ ਹੋਣ ਕਾਰਨ ਉਨ੍ਹਾਂ ਨੂੰ ਪੱਤਰ ਮਿਤੀ ਨੰ: 8/11/2019-5ਬਿ.ਨਿ/1517651/1 ਮਿਤੀ 08-07-2019 ਰਾਹੀਂ ਕਾਰਵਾਈ ਹਿੱਤ ਭੇਜੀ ਗਈ ਸੀ। ਇਸ ਸਬੰਧੀ ਸ਼ਿਕਾਇਤ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨ:** 3691/2019

ਕਰਤਾ ਨੂੰ ਵੀ ਸੂਚਨਾ ਹਿੱਤ ਕਾਪੀ ਭੇਜੀ ਜਾ ਚੁੱਕੀ ਹੈ ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਦੇ ਨਾਲ ਉਸ ਵਲੋਂ ਪਹਿਲੀ ਅਪੀਲੀ ਅਥਾਰਟੀ ਨੂੰ ਪਾਈ ਅਪੀਲ ਮਿਤੀ 22-07-2019 ਸਬੰਧੀ ਵੀ ਆਪਣੇ ਪੱਤਰ ਮੀਮੋ ਨੰ: 8/11/2019- 5ਸ਼ਿਨਿ/ 1533946/1 ਮਿਤੀ 29-07-2019 ਰਾਹੀਂ ਅਪੀਲਕਰਤਾ ਨੂੰ ਲਿਖਿਆ ਗਿਆ ਕਿ ਪ੍ਰਤੀ ਬੇਨਤੀਆਂ ਦੇ ਸਬੰਧ ਵਿਚ ਕੀਤੀ ਗਈ ਕਾਰਵਾਈ ਦਫਤਰੀ ਨੋਟ ਦੀ ਕਾਪੀ ਭੇਜੀ ਜਾਂਦੀ ਹੈ ਅਤੇ ਅਗਲੀ ਲਿਖਾ ਪੜੀ ਸਬੰਧਤ ਵਿਭਾਗ ਨਾਲ ਕੀਤੀ ਜਾਵੇ। ਇਸ ਤਰ੍ਹਾਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿਚ ਉੱਤਰਦਾਤਾ ਵਲੋਂ ਉਕਤ ਅਨੁਸਾਰ ਬਣਦੀ ਸੂਚਨਾ ਭੇਜ਼ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ।

**ਮਿਤੀ: ਚੰਡੀਗੜ੍ਹ**, 27 **ਨਵੰਬਰ** , 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀਮਤੀ ਚਰਨਜੀਤ ਕੋਰ ਪਤਨੀ ਅਜਮੇਰ ਸਿੰਘ 8872897099
ਮਕਾਨ ਨੰ 2193 ਪਹਿਲੀ ਮੰਜਲ ਜਲ ਵਾਯੂ ਵਿਹਾਰ ,ਮੁਹਾਲੀ, -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ਕਮ ਡੀਨ ਰਿਸਰਚ,
ਪੰਜਾਬੀ ਯੂਨੀਵਰਸਿਟੀ ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡੀਨ ਰਿਸਰਚ ਪੰਜਾਬੀ ਯੂਨੀਵਰਸਿਟੀ ਪਟਿਆਲਾ। -------ਉੱਤਰਦਾਤਾ

**ਅਪੀਲ ਕੇਸ ਨੰ: 3483/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਸ੍ਰੀ ਅਜਮੇਰ ਸਿੰਘ।(84377-90966)
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ (98141-05515 )

**ਹੁੱਕਮ:**

ਪਿਛਲੀ ਮਿਤੀ 30-10-2019 ਅਪੀਲਕਰਤਾ ਵਲੋਂ ਉਸਦਾ ਪਤੀ ਸ੍ਰੀ ਅਜਮੇਰ ਸਿੰਘ ਪੇਸ਼ ਹੋਇਆ, ਅਪੀਲਕਰਤਾ ਵਲੋਂ ਉੱਤਰਦਾਤਾ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਸਬੰਧ ਵਿਚ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਪੱਤਰ ਮਿਤੀ 30-10-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਸੀ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ, ਉਸ ਵਲੋਂ ਲੋਕ ਸੂਚਨਾ ਅਧਿਕਾਰੀ ਦਾ ਪੱਤਰ ਨ: 7948/ਐਸ.-7/497-19/ਆਰ.ਟੀ.ਆਈ.ਸੈੱਲ ਮਿਤੀ 22-10-2019 ਸਹਿ ਪੱਤਰਾਂ ਸਹਿਤ ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਸੀ। ਦੋਨਾਂ ਧਿਰਾਂ ਵਲੋ ਦਿੱਤੀਆਂ ਗਈਆਂ ਦਲੀਲਾਂ ਅਤੇ ਪੇਸ਼ ਕੀਤੇ ਗਏ ਰਿਕਾਰਡ ਨੂੰ ਘੋਖਣ ਤੇ ਪਾਇਆ ਗਿਆ ਕਿ ਅਪੀਲਕਰਤਾ ਵਲੋਂ ਪੱਤਰ ਮਿਤੀ 30-10-2019 ਜ਼ੋ ਕਮਿਸ਼ਨ ਨੂੰ ਸਬੋਧਤ ਸੀ, ਰਾਹੀਂ ਲੰਬਾ ਚੋੜਾ ਇਤਰਾਜ ਦਰਜ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਵਲੋਂ ਇਤਰਾਜ ਲੋਕ ਸੂਚਨਾ ਅਧਿਕਾਰੀ ਨੂੰ ਨਹੀਂ ਭੇਜਿਆ, ਲੋਕ ਸੂਚਨਾ ਅਧਿਕਾਰੀ ਵਲੋਂ ਹਾਜ਼ਰ ਵਕੀਲ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਉਸ ਵਲੋਂ ਪਹਿਲਾਂ ਦਾਇਰ ਅਪੀਲ ਕੇਸ ਨ: 10/2018 ਦੇ ਸਬੰਧ ਵਿਚ ਪਹਿਲਾਂ ਵੀ ਸਾਲ 2018 ਵਿਚ ਸੂਚਨਾ ਵਿਸਥਾਰ ਵਿਚ ਦਿੱਤੀ ਗਈ ਸੀ ਅਤੇ ਇਸ ਕੇਸ ਵਿਚ ਵੀ ਉਨ੍ਹਾਂ ਵਲੋਂ ਪੱਤਰ ਮਿਤੀ 29-07-2019 ਅਤੇ ਪੱਤਰ ਮਿਤੀ 25-09-2019 ਜ਼ੋ ਅਪੀਲਕਰਤਾ ਨੂੰ ਸੰਬੋਧਤ ਹਨ ਰਾਹੀਂ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ । ਇਸ ਲਈ ਕਮਿਸ਼ਨ ਵਲੋਂ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਉੱਤਰਦਾਤਾ ਵਲੋਂ ਦਿੱਤੀ ਗਈ ਸੂਚਨਾ ਵਿਚ ਪਾਈਆਂ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਵੇ ਅਤੇ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਦੂਰ ਕਰਦੇ ਹੋਏ ਅਪੀਲਕਰਤਾ ਨੂੰ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਕਾਪੀ ਭੇਜੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਸ੍ਰੀ ਅਜਮੇਰ ਸਿੰਘ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਅਜੇ ਤੱਕ ਤਰੁੱਟੀਆਂ ਸਬੰਧੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਹੋਰ ਸਮਾਂ ਦਿੱਤਾ ਜਾਵੇ, ਇਸ ਸਬੰਧ ਵਿਚ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 8956/ਐਸ-7/497-19/ਆਰ.ਟੀ.ਆਈ. ਸੈਲ ਮਿਤੀ 26-11-2019 ਵੀ ਪੇਸ਼ ਕੀਤਾ ਗਿਆ ਜਿਸ ਵਿਚ ਉਨ੍ਹਾਂ ਵਲੋਂ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਸੂਚਨਾ ਤਿਆਰ ਕਰਕੇ ਜੁਆਬ ਭੇਜਣ ਵਿਚ ਹੋਰ ਸਮਾਂ ਲਗੇਗਾ। ਇਸ ਲਈ ਉੱਤਰਦਾਤਾ ਨੇ ਹੋਰ ਸਮੇਂ ਦੀ ਮੰਗ ਕੀਤੀ ਹੈ। ਇਸ ਲਈ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਤਰੁੱਟੀਆਂ ਦੂਰ ਕਰਨ ਸਬੰਧੀ **ਇਹ ਅਪੀਲ ਕੇਸ ਅਗਲੀ ਸੁਣਵਾਈ ਦੀ ਮਿਤੀ 16-01-2020 ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸਰਬਜੀਤ ਸਿੰਘ 700924820
ਮਕਾਨ ਨੰ: 292 ,ਨਗਰ ਸੁਧਾਰ ਟਰੱਸਟ ਕਲੋਨੀ,
ਸਕੀਮ ਨੰ 5 ਜੇਲ ਰੋਡ ਗੁਰਦਾਸਪੁਰ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਮ ਸੁਪਰਡੰਟ ਸਰਕਾਰੀ ਕਾਲਿਜ ਗੁਰਦਾਸਪੁਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪ੍ਰਿੰਸੀਪਲ ਸਰਕਾਰੀ ਕਾਲਿਜ ਗੁਰਦਾਸਪੁਰ। -------ਉੱਤਰਦਾਤਾ

**ਅਪੀਲ ਕੇਸ ਨੰ: 3540/2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਰਾਜੇਸ਼ ਕੁਮਾਰ ਜੁ: ਸਹਾਇਕ (99882-85125)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 11-07-2019, ਲੋਕ ਸੂਚਨਾ ਅਧਿਕਾਰੀ ਦਫਤਰ ਦਫਤਰ ਕਮ ਸੁਪਰਡੰਟ ਸਰਕਾਰੀ ਕਾਲਿਜ ਗੁਰਦਾਸਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਿਤੀ 14-05-2019, 24-05-2019 ਅਤੇ 1-6-2019 ਨੂੰ ਦਿੱਤੀਆਂ ਅਰਜੀਆਂ ਦੇ ਡਾਇਰੀ ਨੰਬਰ , ਪਤਰਾਂ ਤੇ ਕੀਤੀ ਕਾਰਵਾਈ ਅਤੇ ਕਾਲਜ ਨਾਲ ਸਬੰਧਤ 12 ਨੁਕਤਿਆਂ ਸਬੰਧੀ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 10-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 24-09-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 04-10-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 30-10-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ ਮਿਤੀ 30-10-2019 ਤੇ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਪਰ ਉਸ ਵਲੋਂ ਈ.ਮੇਲ ਮਿਤੀ 24-10-2019 ਰਾਹੀਂ ਹਾਜ਼ਰੀ ਤੋਂ ਛੋਟ ਦੀ ਮੰਗ ਕੀਤੀ ਗਈ ਅਤੇ ਨਾਲ ਹੀ ਦਸਿਆ ਗਿਆ ਕਿ ਕੇਸ ਉਸਨੂ ਮੁਕੰਮਲ ਸੂਚਨਾ ਮਿਲਣ ਤੇ ਕੇਸ ਬੰਦ ਕੀਤਾ ਜਾਵੇ ਅਤੇ ਕਾਲਜ ਨੂੰ ਜੁਰਮਾਨਾ ਲਾਇਆ ਜਾਵੇ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਨੀਰੂ ਬਾਲਾ ਸੁਪਰਡੰਟ ਅਤੇ ਰਾਜੇਸ਼ ਕੁਮਾਰ ਜੁ: ਸਹਾਇਕ ਹਾਜ਼ਰ ਹੋਏ ਉਨ੍ਹਾਂ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਉਨ੍ਹਾਂ ਦਾ ਮੁਲਾਜ਼ਮ ਹੈ ਅਤੇ ਬਾਰ ਬਾਰ ਆਰ.ਟੀ.ਆਈ ਪਾਉਣ ਦਾ ਆਦੀ ਹੈ । ਉਸਦੇ 6-7 ਆਰ.ਟੀ.ਆਈ ਕੇਸ ਚਲ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਉੱਤਰ ਭੇਜ ਦਿੱਤਾ ਜਾਵੇਗਾ। ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੋ ਵੀ ਜਾਣਕਾਰੀ ਅਪੀਲਕਰਤਾ ਨੂੰ ਦਿੱਤੀ ਜਾਣੀ ਹੈ, ਉਹ ਸਿੱਧੇ ਤੌਰ ਤੇ ਰਜਿਸਟਰਡ ਡਾਕ ਰਾਹੀਂ ਉਸਨੂੰ ਭੇਜ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਅਪੀਲਕਰਤਾ ਨੂੰ ਵੀ ਹਦਾਇਤ ਕੀਤੀ ਗਈ ਸੀ ਕਿ ਅਗਲੀ ਮਿਤੀ ਤੇ ਪੇਸ਼ ਕੇ ਆਪਣਾ ਪੱਖ ਪੇਸ਼ ਕਰੇ। ਇਸ ਹਦਾਇਤ ਨਾਲ ਇਹ ਕੇਸ ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

3. ਅੱਜ ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਪਰ ਉਸ ਵਲੋਂ ਈ.ਮੇਲ ਮਿਤੀ 19-11-2019 ਰਾਹੀਂ ਹਾਜ਼ਰੀ ਤੋਂ ਛੋਟ ਦੀ ਮੰਗ ਕੀਤੀ ਗਈ ਅਤੇ ਨਾਲ ਹੀ ਦਸਿਆ ਗਿਆ ਕਿ ਕੇਸ ਉਸਨੂ ਮੁਕੰਮਲ ਸੂਚਨਾ ਮਿਲਣ ਤੇ ਕੇਸ ਬੰਦ ਕੀਤਾ ਜਾਵੇ ਅਤੇ ਕਾਲਜ ਨੂੰ ਜੁਰਮਾਨਾ ਲਾਇਆ ਜਾਵੇ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਰਾਜੇਸ਼ ਕੁਮਾਰ ਜੁ: ਸਹਾਇਕ ਹਾਜ਼ਰ ਹੋਇਆ। ਉਸ ਵਲੋਂ ਪੱਤਰ ਨੰ: 3229 ਮਿਤੀ 26-11-2019 ਪੇਸ਼ ਕੀਤਾ ਗਿਆ । ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

5. ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਗਏ ਦਸਤਾਵੇਜਾਂ /ਪੱਤਰਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਉੱਤਰਦਾਤਾ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 3540/2019**

ਵਲੋਂ ਪੇਸ਼ ਕੀਤੇ ਉਕੱਤ ਪੱਤਰ ਮਿਤੀ 26-11-2019 ਰਾਹੀਂ ਅਨੁਸਾਰ ਅਪੀਲਕਰਤਾ ਨੂੰ ਅਪੀਲ ਕੇਸ ਨੰ: 2661 ਤੋਂ 2668 ਤੱਕ ਅਤੇ ਇਸ ਅਪੀਲ ਕੇਸ ਨੰ: 3540 ਆਫ 2019 ਵਿਚ 1166 ਪੰਨੇ ਪੁੱਜਦੇ ਕਰ ਦਿੱਤੇ ਗਏ ਹਨ। ਜਿਸਦੀ ਪ੍ਰਾਪਤ ਰਸੀਦ ਦੀ ਕਾਪੀ ਨਾਲ ਨੱਥੀ ਕੀਤੀ ਗਈ ਹੈ ਜਿਸ ਅਨੁਸਾਰ ਉਸ ਵਲੋਂ ਮਿਤੀ 07-10-2019 ਅਤੇ 10-11-2019 ਨੂੰ ਪ੍ਰਾਪਤ ਕੀਤੇ ਗਏ ਹਨ ਜਿਸ ਦਾ ਖਰਚਾ ਸੰਸਥਾ/ਵਿਭਾਗ ਨੂੰ ਜਮ੍ਹਾਂ ਨਹੀਂ ਕਰਵਾਇਆ ਗਿਆ। ਅਪੀਲਕਰਤਾ ਵਲੋਂ ਅਜੇ ਵੀ ਲਿਖਿਆ ਜਾ ਰਿਹਾ ਹੈ ਕਿ ਮੁਕੰਮਲ ਸੂਚਨਾ ਨਾ ਦੇਣ ਕਾਰਨ ਜੁਰਮਾਨਾ ਲਾਇਆ ਜਾਵੇ। ਜਦੋਂ ਕਿ ਇਹ ਇਸੇ ਕਾਲਜ ਦਾ ਮੁਲਾਜ਼ਮ ਹੈ ਅਤੇ ਉਸਨੂੰ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ, ਅਪੀਲਕਰਤਾ ਆਰ.ਟੀ.ਆਈ. ਪਾਉਣ ਦਾ ਆਦੀ ਹੈ ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਅਗੇ ਤੋਂ ਉਸਦੀ ਕਿਸੇ ਕਿਸਮ ਦੀ ਆਰ.ਟੀ.ਆਈ. ਨੂੰ ਅਟੈਂਡ ਨਾ ਕੀਤਾ ਜਾਵੇ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ ਅਪੀਲ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਗਗਨਦੀਪ ਸਿੰਘ ਜੰਜੂਆ 97806-43243 -------ਅਪੀਲਕਰਤਾ
ਪਿੰਡ ਤੁਰਾ, ਡਾਕਖਾਨਾ ਕੁੰਭ, ਤਹਿਸੀਲ ਅਮਲੋਹ,
ਜਿਲਾ ਫਤਿਹਗੜ੍ਹ ਸਾਹਿਬ।

ਬਨਾਮ

ਲੋਕ ਸੂਚਨਾ ਅਧਿਕਾਰੀ,
ਐਸ.ਡੀ.ਐਮ., ਐਸ.ਬੀ.ਐਸ.ਨਗਰ।

ਪਹਿਲੀ ਅਪੀਲੀ ਅਥਾਰਟੀ
ਐਸ.ਡੀ.ਐਮ. ਐਸ.ਬੀ.ਐਸ.ਨਗਰ। **------ਉੱਤਰਦਾਤਾ**

ਅਪੀਲ ਕੇਸ ਨੰ 3131/2019

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 06-03-2018,ੂ ਲੋਕ ਸੂਚਨਾ ਅਧਿਕਾਰੀ ਐਸ.ਡੀ.ਐਮ., ਐਸ.ਬੀ.ਐਸ.ਨਗਰ, ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵਲੋਂ ਹੁਕੱਮ ਡਿਪਟੀ ਕਮਿਸ਼ਨਰ ਨਵਾਂ ਸ਼ਹਿਰ ਮਿਸਲ ਨੰ: 5/ਮਿਸ./2009/ ਮਿਤੀ 09/04/2003, ਹੁਕੱਮ ਕਮਿਸ਼ਨਰ ਜਲੰਧਰ ਜੀ ਦੀ ਅਪੀਲ ਨੰ: 01/ਆਫ 2003, ਅਤੇ ਐਫ.ਸੀ.ਆਰ. ਪੰਜਾਬ ਜੀ ਦੇ ਹੁਕਮ ਆਰ.ਓ.ਆਰ. ਨੰ: 58 ਆਫ 2004 ਨੂੰ ਲਾਗੂ ਕਰਾਵਾਉਣ ਸਬੰਧੀ 02 ਨੁਕਤਿਆਂ ਤੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 1-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-08-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-09-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 10-10-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਮਿਤੀ 10-10-2019 ਨੂੰ ਦੋਨਾਂ ਧਿਰਾਂ ਵਲੋਂ ਪੇਸ਼ ਕੀਤੇ ਗਏ ਰਿਕਾਰਡ ਅਤੇ ਦਿਤੀਆਂ ਗਈਆਂ ਦਲੀਲਾਂ ਨੂੰ ਘੋਖਣ/ਸੁਣਨ ਉਪਰੰਤ ਪਾਇਆ ਗਿਆ ਕਿ ਉਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਜ਼ੋ ਉਤਰ ਦਿੱਤਾ ਗਿਆ ਹੈ ਉਸ ਮੁਤਾਬਿਕ ਕਾਰਵਾਈ/ਇੰਨਕੁਆਰੀ ਤਹਿਸੀਲਦਾਰ ਦੇ ਦਫਤਰ ਪਾਸ ਪੈਡਿੰਗ ਹੈ। ਇਸ ਕਾਰਨ ਇਹ ਕੇਸ ਅਗਲੀ ਸੁਣਵਾਈ ਮਿਤੀ 30-10-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ। ਅਪੀਲਕਰਤਾ ਹਾਜ਼ਰ ਹੋਇਆ ਅਤੇ ਦਸਿਆ ਕਿ ਉਸਨੂੰ ਮੁਕੰਮਲ ਸੂਚਨਾ ਨਹੀਂ ਮਿਲੀ ਹੈ। ਉਤਰਦਾਤਾ ਵਲੋਂ ਹਾਜ਼ਰ ਸ੍ਰੀ ਕੁਲਵਿੰਦਰ ਸਿੰਘ ਸਟੈਨੋ ਵਲੋਂ ਪੱਤਰ ਨੰ: 401-02 ਮਿਤੀ 29-10-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਸੀ ਅਤੇ ਕਾਪੀ ਅਪੀਲਕਰਤਾ ਨੂੰ ਕੀਤੀ ਗਈ ਸੀ ਅਨੁਸਾਰ ਦਸਿਆ ਗਿਆ ਕਿ ਪੜਤਾਲ ਰਿਪੋਰਟ ਲੰਬਿਤ ਹੈ, ਇਸ ਲਈ ਸਮੇਂ ਦੀ ਮੰਗ ਕੀਤੀ ਗਈ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 27-11-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਈ.ਮੇਲ. ਮਿਤੀ 27-11-2019 ਰਾਹੀਂ ਸੂਚਿਤ ਕੀਤਾ ਗਿਆ ਕਿ ਉਸ ਨੂੰ ਸਬੰਧਤ ਦਫਤਰ ਵਲੋਂ ਸੂਚਨਾ ਦੇ ਦਿੱਤੀ ਗਈ ਹੈ, ਇਸ ਲਈ ਇਹ ਕੇਸ ਬੰਦ ਕਰ ਦਿੱਤਾ ਜਾਵੇ। ਈ.ਮੇਲ ਮਿਸਲ ਤੇ ਰੱਖ ਲਈ ਗਈ ਹੈ।

4. ਉੱਕਤ ਈ.ਮੇਲ. ਰਾਹੀਂ ਅਪੀਲਕਰਤਾ ਵਲੋਂ ਦਸਿਆ ਗਿਆ ਹੈ ਕਿ ਉਸਨੂੰ ਮੰਗੀ ਗਈ ਸੂਚਨਾ ਉੱਤਰਦਾਤਾ ਵਲੋਂ ਮੁਹੱਈਆ ਕਰਵਾ ਦਿੱਤੀ ਗਈ ਹੈ। ਇਸ ਲਈ ਇਸ ਕੇਸ ਵਿਚ ਹੋਰ ਕਾਰਵਾਈ ਦੀ ਲੋੜ ਨਹੀਂ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਹਰਜੋਤ ਸਿੰਘ 8146300491
ਮਕਾਨ ਨੰ 491, ਫੇਸ 2, ਅਰਬਨ ਇਸਟੇਟ, ਪੂਡਾ,
ਪਟਿਆਲਾ -147002 -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਹਿਲੀ ਅਪੀਲੀ ਅਥਾਰਟੀ ਕਮ ਡੀਨ ਅਕੈਡਮੀਕਸ,
ਪੰਜਾਬੀ ਯੂਨੀਵਰਸਿਟੀ, ਪਟਿਆਲਾ। ----ਉੱਤਰਦਾਤਾ

ਅਪੀਲ ਕੇਸ ਨੰ 3020/2019

ਹਾਜ਼ਰ:-

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾਂ, ਵਕੀਲ

ਹੁੱਕਮ:

ਪਿਛਲੀ ਪੇਸ਼ੀ ਦੀ ਮਿਤੀ 06-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਅਪੀਲਕਰਤਾ ਵਲੋਂ ਕੋਈ ਨਹੀਂ ਹਾਜ਼ਰ ਨਹੀਂ ਹੋਇਆ ਪਰ ਉਸ ਵਲੋਂ ਪੱਤਰ ਮਿਤੀ 29-10-2019 ਰਾਹੀਂ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਲਿਖਿਆ ਗਿਆ ਸੀ । ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਵਿਕਰਾਂਤ ਸ਼ਰਮਾਂ, ਵਕੀਲ ਹਾਜ਼ਰ ਹੋਇਆ ਉਨ੍ਹਾਂ ਵਲੋਂ ਦਸਿਆ ਗਿਆ ਕਿ ਲੋਕ ਸੂਚਨਾ ਅਧਿਕਾਰੀ ਵਲੋਂ ਆਪਣੇ ਪੱਤਰ ਨੰ: 8309/ਐਸ-2/494-19/ਆਰ.ਟੀ.ਆਈ.ਸ਼ੈਲ ਮਿਤੀ 05-11-2019 ਰਾਹੀਂ ਦਸਿਆ ਗਿਆ ਕਿ ਉਨ੍ਹਾਂ ਅਪੀਲਕਰਤਾ ਵਲੋਂ ਭੇਜੀਆਂ ਗਈਆਂ ਤਰੁੱਟੀਆਂ ਮਿਤੀ 01-11-2019 ਨੂੰ ਪ੍ਰਾਪਤ ਹੋਈਆਂ ਹਨ, ਇਸ ਲਈ ਇਸ ਕੇਸ ਵਿਚ ਸਮੇ ਦੀ ਮੰਗ ਕੀਤੀ ਗਈ ਸੀ। ਉੱਤਰਦਾਤਾ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਕੇਸ ਅਗਲੀ ਸੁਣਵਾਈ ਮਿਤੀ 27-11-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵਲੋਂ ਸ਼੍ਰੀ ਵਿਕਰਾਂਤ ਸ਼ਰਮਾਂ, ਐਡਵੋਕੇਟ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਇਸ ਕੇਸ ਵਿਚ ਹੋਰ ਸਮਾਂ ਦਿੱਤਾ ਜਾਵੇ, ਇਸ ਸਬੰਧ ਵਿਚ ਲੋਕ ਸੂਚਨਾ ਅਫਸਰ ਦਾ ਪੱਤਰ ਨੰ: 8957/ਐਸ-11/449-19/ਆਰ.ਟੀ.ਆਈ. ਸੈਲ ਮਿਤੀ 26-11-2019 ਵੀ ਪੇਸ਼ ਕੀਤਾ ਗਿਆ ਕਿ ਹੋਰ ਸਮਾਂ ਦਿੱਤਾ ਜਾਵੇ। ਇਸ ਲਈ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਤਰੁੱਟੀਆਂ ਦੂਰ ਕਰਨ ਸਬੰਧੀ **ਇਹ ਅਪੀਲ ਕੇਸ ਅਗਲੀ ਸੁਣਵਾਈ ਦੀ ਮਿਤੀ 21-01-2020 ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 27 ਨਵੰਬਰ , 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**